**B.A.III, SEMESTER-I**

**HISTORY OF THE WORLD**

# ਆਧੁਨਿਕ ਯੁੱਗ ਦਾ ਉਥਾਨ- ਪੁਨਰਜਾਗਰਣ

# (Rise of Modern AGE-Renaissance)

## ਪੁਨਰਜਾਗਰਣ ਦੇ ਪ੍ਰਭਾਵ:-

## (Effects of Renaissance)

**ਪੁਨਰ–ਜਾਗਰਨ ਨੂੰ ਵਿਸ਼ਵ ਇਤਿਹਾਸ ਵਿਚ ਇਕ ਬਹੁਤ ਹੀ ਮਹੱਤਵਪੂਰਨ ਅੰਦੋਲਨ ਮੰਨਿਆ ਜਾਂਦਾ ਹੈ।ਇਸ ਅੰਦੋਲਨ ਕਾਰਨ ਲੋਕਾਂ ਦੀ ਸੋਚ ਅਤੇ ਦੇਖਣ ਦਾ ਨਜਰੀਆ ਬਦਲ ਗਿਆ।**

### ਸਮਾਜਿਕ ਜੀਵਨ ਤੇ ਪ੍ਰਭਾਵ

- **ਜੀਵਨ ਲਈ ਨਵਾਂ ਦ੍ਰਿਸ਼ਟੀਕੋਣ**:- ਪੁਨਰ – ਜਾਗ੍ਰਿਤੀ ਤੋਂ ਪਹਿਲਾਂ ਮਨੁੱਖ ਦਾ ਜੀਵਨ ਲਈ ਦ੍ਰਿਸ਼ਟੀਕੋਣ ਬਹੁਤ ਨਿਰਾਸ਼ਾਵਾਦੀ ਅਤੇ ਬਝਵਾਂ –ਘੁਟਵਾਂ ਸੀ। ਉਹ ਜੀਵਨ ਨੂੰ ਨਾਸ਼ਵਾਨ ਸਮਝਦਾ ਤੇ ਇਸ ਜੀਵਨ ਨੂੰ ਆਉਣ ਵਾਲੇ ਜੀਵਨ ਨਾਲੋਂ ਬਹੁਤ ਬੁਰਾ ਸਮਝਦਾ ਸੀ। ਪਰ ਪੁਨਰ – ਜਾਗਰਣ ਨੇ ਮਨੁੱਖੀ ਦ੍ਰਿਸ਼ਟੀ ਕੋਣ ਵਿੱਚ ਢੇਰ ਪਰਿਵਰਤਨ ਲਿਆਦਾਂ। ਉਸ ਅੰਦਰ ਇਸ ਜੀਵਨ ਲਈ ਪਿਆਰ ਤੇ ਉਤਸ਼ਾਹ ਪੈਦਾ ਹੋ ਗਿਆ। ਉਸ ਨੂੰ ਪਤਾ ਲਗ ਗਿਆ ਕਿ ਅਗਲਾ ਜੀਵਨ ਤਾਂ ਕਿਸੇ ਨੇ ਦੇਖਿਆ ਨਹੀਂ ਹੈ, ਇਸ ਲਈ ਅਗਲੇ ਜੀਵਨ ਲਈ ਇਸ ਜੀਵਨ ਦਾ ਬਲੀਦਾਨ ਨਹੀ ਦੇਣਾ ਚਾਹੀਦਾ। ਉਸ ਨੂੰ ਇਸ ਜੀਵਨ ਦੀ ਮਹੱਤਤਾ ਦਾ ਪਤਾ ਲੱਗ ਗਿਆ , ਜਿਸ ਨਾਲ ਉਸ ਦਾ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੋ ਗਿਆ।
- **ਮੱਧ ਸ਼੍ਰੇਣੀ ਦਾ ਉਥਾਨ** :- ਮੱਧ ਯੁੱਗ ਦੇ ਸ਼ੁਰੂ ਵਿੱਚ ਯੂਰਪ ਦਾ ਸਮਾਜ, ਕੁਲੀਨਾਂ, ਸਾਮੰਤਾ , ਪਾਦਰੀਆਂ ਤੇ ਕਿਸਾਨਾ ਵਿੱਚ ਵੰਡੀਆ ਹੋਇਆ ਹੁੰਦਾ ਸੀ। ਉਸ ਸਮੇਂ ਮੱਧ ਸ਼੍ਰੇਣੀ ਹੋਂਦ ਵਿੱਚ ਨਹੀ ਸੀ ਆਈ । ਭੂਮੀ ਦੇ ਮਾਲਕ ਸਾਮੰਤ ਹੁੰਦੇ ਸਨ। ਹੋਲੀ ਹੋਲੀ ਧਰਮ ਯੁੱਧਾਂ ਕਾਰਨ ਸਾਮੰਤ ਸਾਹੀ ਖ਼ਤਮ ਹੁੰਦੀ ਗਈ। ਸ਼ਹਿਰੀ ਲੋਕ ਧਨ ਦੇ ਕੇ ਸਾਮੰਤਾਂ ਪਾਸੋ ਆਪਣੀ ਆਜ਼ਾਦੀ ਖਰੀਦ ਰਹੇ ਸਨ ਤਾਂ ਮੱਧ ਸ਼੍ਰੇਣੀ ਦੀ ਜਨਮ ਹੋ ਗਿਆ, ਪਰ ਪੁਨਰ –ਜਾਗ੍ਰਿਤੀ ਨੇ ਸਾਮੰਤ ਸਾਹੀ ਦੀ ਪ੍ਰਧਾਨਤਾ ਨੂੰ ਖ਼ਤਮ ਕੀਤਾ ਤੇ ਮੱਧ ਸ਼੍ਰੇਣੀ (ਵਿਉਪਾਰੀ ਤੇ ਸੈਨਿਕ) ਉੱਨਤੀ ਵੱਲ ਤੁੱਰ ਪਏ।

### ਧਾਰਮਿਕ ਜੀਵਨ ਤੇ ਪ੍ਰਭਾਵ

- **ਧਾਰਮਿਕ ਸੁਧਾਰ ਅੰਦੋਲਨ ਲਈ ਰਾਹ ਬਣਾ ਦਿੱਤਾ :-** ਇੰਗਲੈਂਡ ਵਿੱਚ ਧਾਰਮਿਕ ਸੁਧਾਰ ਅੰਦੋਲਨ ਲਈ ਪੁਨਰ –ਜਾਗਰਣ ਨੇ ਰਾਹ ਬਣਾ ਦਿੱਤਾ। ਇਸ ਨਾਲ ਲੋਕਾਂ ਦੀ ਤਰਕ ਸ਼ਕਤੀ ਵੱਧ ਗਈ। ਲੋਕ

ਅੰਨ੍ਹੇਵਾਹ ਹਰ ਗੱਲ ਨੂੰ ਸਵੀਕਾਰ ਕਰਨ ਤੋਂ ਹੱਟ ਗਏ ਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਹਰ ਗੱਲ ਦੇਖਦੇ ਸਨ। ਇਸ ਤਰ੍ਹਾਂ ਦੀ ਹਾਲਤ ਤੇ ਵਾਤਾਵਰਨ ਵਿੱਚੋਂ ਧਰਮ ਕਿਵੇਂ ਨਿਰਲੇਪ ਰਹਿ ਸਕਦਾ ਸੀ। ਹੌਲੀ ਹੌਲੀ ਗਿਆਨ ਨੇ ਤਰਕ ਦੀ ਦ੍ਰਿਸ਼ਟੀ ਦੇ ਵਿਕਾਸ ਨਾਲ ਲੋਕਾਂ ਨੇ ਪੋਪ, ਪਾਦਰੀਆਂ ਤੇ ਧਾਰਮਿਕ ਨੇਤਾਵਾਂ ਦੀਆਂ ਬੁਰਾਈਆਂ ਤੇ ਦੋਸ਼ਾ ਨੂੰ ਖੁਲਮ – ਖੁਲਾ ਭੰਡਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪੁਨਰ-ਜਾਗਰਣ ਨੇ ਇੰਗਲੈਂਡ ਵਿੱਚ ਧਾਰਮਿਕ ਸੁਧਾਰਾਂ ਲਈ ਰਸਤਾ ਬਣਾ ਦਿੱਤਾ।

- **ਅੰਧ ਵਿਸ਼ਵਾਸ ਤੇ ਵਹਿਮ ਜਾਂਦੇ ਰਹੇ :-** ਪੁਨਰ – ਜਾਗਰਣ ਨੇ ਲੋਕਾਂ ਅੰਦਰੋਂ ਧਾਰਮਿਕ ਅੰਧ – ਵਿਸ਼ਵਾਸ ਤੇ ਵਹਿਮਾ ਦਾ ਜਾਲ ਕੱਟ ਦਿੱਤਾ। ਉਹਨਾਂ ਨੂੰ ਇਹ ਗਿਆਨ ਹੋ ਗਿਆ ਕਿ ਪਾਦਰੀ ਤੇ ਪੋਪ ਉਹਨਾਂ ਵਰਗੇ ਹੀ ਹਨ। ਉਹਨਾਂ ਵਿੱਚ ਵੀ ਦੋਸ਼ ਤੇ ਬੁਰਾਈਆਂ ਹੋ ਸਕਦੀਆਂ ਹਨ। ਜੋ ਉਹ ਕਹਿੰਦੇ ਹਨ ਉਹ ਝੂਠ ਵੀ ਹੋ ਸਕਦਾ ਹੈ। ਹੁਣ ਲੋਕਾਂ ਨੇ ਦੁਨਿਆਈ ਜੀਵਨ ਨੂੰ ਮਹੱਤਤਾ ਦੇਣੀ ਸ਼ੁਰੂ ਕਰ ਦਿੱਤੀ ਤੇ ਉਹਨਾਂ ਨੇ ਜੀਵਨ ਨੂੰ ਹੋਰ ਖੁਸ਼ੀਆਂ ਭਰਿਆ ਤੇ ਸੰਪਨ ਬਣਾਉਣ ਦੇ ਯਤਨ ਸ਼ੁਰੂ ਕਰ ਦਿੱਤੇ ।

## ਆਰਥਿਕ ਜੀਵਨ ਤੇ ਪ੍ਰਭਾਵ

- **ਵਪਾਰ ਤੇ ਉਦਯੋਗਾਂ ਵਿੱਚ ਉਨੱਤੀ** :- ਇਸ ਅੰਦੋਲਨ ਨੇ ਯੂਰਪ ਤੇ ਏਸ਼ੀਆਂ ਵਿਚਕਾਰ (ਧਰਮ-ਯੁੱਧ ਕਰਕੇ ) ਵਿਉਪਾਰ ਖੋਲ੍ਹ ਦਿੱਤਾ, ਜਿਸ ਨਾਲ ਅੰਤਰ-ਰਾਸ਼ਟਰੀ ਵਿਉਪਾਰੀ ਪੈਦਾ ਹੋ ਗਏ। ਵਿਉਪਾਰੀਆਂ ਨੇ ਸਾਂਝੀ ਰਾਸ ਪਾ ਕੇ ਕੰਪਨੀਆਂ ਬਣਾ ਲਈਆਂ, ਜਿਸ ਨਾਲ ਯੂਰਪ ਵਿੱਚ ਬਹੁਤ ਲੋਕ ਆਰਥਿਕ ਹਾਲਤ ਸੁਧਰ ਗਈ। ਕਈ ਤਰ੍ਹਾਂ ਦੇ ਧੰਦੇ ਕੁਝ ਉਦਯੋਗ ਕਰਨ ਨਾਲ ਆਮ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਚੰਗੀ ਹੋ ਗਈ। ਧਨ ਸਾਮੰਤਾਂ ਪਾਸੋ ਨਿਕਲ ਕੇ ਆਮ ਜਨਤਾ ਪਾਸ ਆ ਗਿਆ।
- **ਨਵੀਆਂ ਬਸਤੀਆਂ ਨੇ ਰੂਪ ਧਾਰਨਾ** :- ਪੁਨਰ –ਜਾਗਰਣ ਦੀ ਖੋਜ ਭਾਵਨਾਂ ਨੇ ਦੂਰ-ਦੂਰ ਤਾਈਂ ਗੈਰ – ਈਸਾਈ ਇਲਾਕਿਆਂ ਦੀਆਂ ਭੂਗੋਲਿਕ ਖੋਜਾਂ ਕੀਤੀਆਂ। ਦੂਰ ਦੂਰ ਦੀਆਂ ਯਾਤਰਾਂ ਕੀਤੀਆਂ। ਨਵੇਂ ਦੇਸ਼ਾਂ ਵਿੱਚ ਉਹਨਾਂ ਨੂੰ ਆਪਣੇ ਮਾਲ ਵੇਚਣ ਲਈ ਮੰਡੀਆਂ ਮਿਲ ਗਈਆਂ। ਇਸ ਲਈ ਯੂਰਪ ਦੇ ਲੋਕਾਂ ਨੇ ਏਸ਼ੀਆਂ, ਅਫਰੀਕਾ ਤੇ ਅਮਰੀਕਾ ਵਿੱਚ ਆਪਣੀਆਂ ਨਵੀਆਂ ਬਸਤੀਆਂ ਵਸਾਉਣੀਆਂ ਸ਼ੁਰੂ ਕਰ ਦਿੱਤੀਆਂ।

## ਰਾਜਨੀਤਿਕ ਜੀਵਨ ਤੇ ਪ੍ਰਭਾਵ

- **ਰਾਸ਼ਟਰੀ ਭਾਵਨਾ ਦਾ ਵਿਕਾਸ :-** ਮੱਧ ਕਾਲ ਵਿੱਚ ਵਿਕਾਸ ਪੋਪ ਅਤੇ ਸਾਮੰਤ ਰਾਸ਼ਟਰੀ ਭਾਵਨਾ ਦੇ ਜਨਮ ਤੇ ਵਿਕਾਸ ਵਿੱਚ ਬਹੁਤ ਭਾਰੀ ਰੋੜਾ ਸੀ, ਪਰ ਪੁਨਰ ਜਾਗਰਣ ਕਾਰਨ ਲੋਕਾਂ ਵਿੱਚ ਸਿੱਖਿਆ ਦਾ ਬਹੁਤ ਪ੍ਰਚਾਰ ਹੋਇਆ। ਇਸ ਲਈ ਲੋਕ ਪਾਧਰੀ ਤੇ ਪੋਪ ਦਾ ਦਖਲ ਅੰਦਾਜੀ ਕਰਨਾ ਨਹੀ ਸਹਿ ਸਕਦੇ । ਹੁਣ ਉਹ ਜਾਗੀਰਦਾਰਾ ਦੀਆਂ ਵਧੀਕੀਆਂ ਨਹੀ ਸਹਿ ਸਕਦੇ ਸਨ । ਇਸ ਤਰ੍ਹਾਂ ਹੋਲੀ ਹੋਲੀ ਸਾਰੇ ਯੂਰਪ ਵਿੱਚ ਆਪਣੀ ਕੋਮ ਤੇ ਆਪਣੇ ਦੇਸ਼ਾ ਦਾ ਵਿਚਾਰ ਆਉਂਦਾ ਗਿਆ, ਜਿਸ ਨਾਲ ਰਾਸ਼ਟਰੀ ਭਾਵਨਾ ਦਾ ਵਿਕਾਸ ਹੁੰਦਾ ਗਿਆ।
- **ਯੁੱਧ ਕਲਾ ਵਿੱਚ ਪਰਿਵਰਤਨ :- ਪੁਨਰ** – ਜਾਗਰਣ ਦੇ ਪ੍ਰਭਾਵ ਦੇ ਫਲਸਰੂਪ ਯੁੱਧ ਕਲਾਂ ਵਿੱਚ ਢੇਰ ਪਰਿਵਰਤਨ ਆਏ। ਮੱਧ ਕਾਲ ਵਿੱਚ ਯੁੱਧ ਸਮੇਂ ਭਾਲੇ , ਨੇਜੇ ਤੇ ਤਲਵਾਰਾਂ ਆਦਿ ਦੀ ਵਰਤੋਂ ਹੁੰਦੀ ਸੀ।

ਗੋਲਾ ਬਾਰੂਦ ਦੀ ਕਾਢ ਨਾਲ ਬੰਦੂਕਾਂ ਤੇ ਤੋਪਾਂ ਦੀ ਵਰਤੋਂ ਯੁੱਧ ਵਿੱਚ ਹੋਣ ਲੱਗ ਗਈ। ਇਹਨਾਂ ਯੁੱਧ ਕਲਾਂ ਦੇ ਪਰਿਵਰਤਨਾਂ ਦੇ ਨਾਲ ਹੀ ਸ਼ਕਤੀਸ਼ਾਲੀ ਯੂਰਪੀ ਦੇਸ਼ਾਂ ਨੇ ਪੂਰਬੀ ਦੇਸ਼ ਵਿੱਚ ਬਸਤੀਆਂ ਦੀ ਸਥਾਪਨਾ ਕਰ ਲਈ ਸੀ।

ਸਭਿਆਚਾਰਕ ਜੀਵਨ ਦੇ ਪ੍ਰਭਾਵ

- **ਸਿੱਖਿਆ ਨੂੰ ਉਤਸਾਹ :-** ਪੁਨਰ ਜਾਗਰਣ ਕਾਲ ਵਿੱਚ ਸਾਹਿਤ ਤੇ ਸਿੱਖਿਆ ਨੂੰ ਬਹੁਤ ਉਤਸਾਹ ਮਿਲਿਆ। ਯੂਨਾਨੀ ਤੇ ਲਾਤਾਨੀ ਭਾਸ਼ਾਵਾਂ ਦੀ ਪੜ੍ਹਾਈ ਲਈ ਸਕੂਲ ਤੇ ਕਾਲਜ ਖੋਲ੍ਹੇ ਗਏ, ਜਿਸ ਕਾਰਨ ਸਿੱਖਿਆ ਵਿੱਚ ਉਨੱਤੀ ਹੋਈ। ਸਿੱਖਿਆ ਦੇ ਵਿਕਾਸ ਲਈ ਜਰਮਨੀ ਵਿੱਚ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਗਈਆਂ। ਛਾਪੇ-ਖਾਨੇ ਦੀ ਕਾਢ ਨੇ ਪਾਠ –ਪੁਸਤਕਾਂ ਪ੍ਰਕਾਸ਼ਿਤ ਕਰਨ ਵਿੱਚ ਸੋਖ ਪੈਦਾ ਕਰ ਦਿੱਤੀ। ਵਿਦਿਆਰਥੀਆਂ ਨੂੰ ਲਾਤੀਨੀ ਸਾਹਿਤ ਤੇ ਯੂਨਾਨੀ ਸਾਹਿਤ ਤੋ ਬਿਨਾਂ ਇਤਿਹਾਸ, ਰਾਜਨੀਤਿਕ ਸ਼ਾਸਤਰ, ਭੂਗੋਲ ,ਸੰਗੀਤ, ਰਸਾਇਣ , ਸ਼ਾਸਤਰ, ਗਣਿਤ ਆਦਿ ਵਿਸ਼ੇ ਵੀ ਪੜਾਏ ਜਾਣ ਲੱਗ ਗਏ। ਇਹਨਾਂ ਯਤਨਾਂ ਨਾਲ ਸਿੱਖਿਆ ਦਾ ਬਹੁਤ ਵਿਕਾਸ ਹੋਇਆ।
- **ਭੂਗੋਲਿਕ ਖੋਜਾਂ :-** ਪੁਨਰ – ਜਾਗਰਣ ਦੇ ਕਾਲ ਵਿੱਚ ਬਹੁਤ ਸਾਰੀਆਂ ਨਵੀਆਂ ਭੂਗੋਲਿਕ ਖੋਜਾਂ ਹੋਈਆਂ। ਮੈਗੇਲਨ, ਵਾਸਕੋਡੀਗਾਮਾ, ਕੈਬਟ ਆਦਿ ਨਾਵਕਾਂ ਨੇ ਭਾਰਤ , ਅਮਰੀਕਾ , ਕੈਨੇਡਾ ਤੇ ਅਫਰੀਕਾ ਆਦਿ ਦੇਸ਼ਾਂ ਲਈ ਪਹੁੰਚਣ ਲਈ ਨਵੇਂ ਮਾਰਗ ਲਭੇ। ਇਹਨਾਂ ਭਗੋਲਿਕ ਖੋਜਾਂ ਨਾਲ ਵਿਉਪਾਰ ਵਧਿਆ ਫੁਲਿਆ ਤੇ ਉਪ ਨਿਵੇਸ਼ ਦੇ ਯੁੱਗ ਲਈ ਸੌਖ ਪੈਦਾ ਹੋ ਗਈ।
- **ਸਿੱਟਾ:– (Conclusion): ਉਪਰੋਕਤ ਵਿਆਖਿਆ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਪੁਨਰ ਜਾਗਰਨ ਇੱਕ ਵਿਆਪਕ ਸੰਘਰਸ਼ ਸੀ।ਪੁਨਰ ਜਾਗਰਨ ਦਾ ਪ੍ਰਭਾਵ ਸਮੁੱਚੇ ਯੂਰਪ ਦੇ ਲੋਕਾਂ ਉੱਤੇ ਹਰ ਪੱਖ ਤੋਂ ਪਿਆ।ਜਿਵੇਂ ਕਿ ਰਾਜਨੀਤਿਕ ਸੱਭਿਆਚਾਰ, ਆਰਥਿਕ, ਚਿੱਤਰਕਾਰੀ, ਸਾਹਿਤ, ਭਰਨ–ਨਿਰਮਾਣ ਕਲਾ, ਸੰਗੀਤ ਕਲਾ, ਵਿਗਿਆਨ ਅਤੇ ਦਰਸ਼ਨ ਨੂੰ ਬਹੁਤ ਪ੍ਰਭਾਵਿਤ ਕੀਤਾ।ਇਸ ਨੇ ਈਸਾਈਆਂ ਦੇ ਚਰਚ ਨੂੰ ਵੀ ਪ੍ਰਭਾਵਿਤ ਕੀਤਾ ਜੋ ਕਈ ਪੀੜ੍ਹੀਆਂ ਤੋਂ ਯੂਰਪੀ ਸਾਮਰਾਜ ਤੇ ਛਾਇਆ ਹੋਇਆ ਸੀ।**

**Dr. Harminder Kaur**
**History Deptt.**
**Akal Degree College**
**Mastuana Sahib**